ISSN: 2584-0509

(Page 68 to 80)

# ਸਿਨੇਮਾ ਦੇ ਵਿਹਾਰਕ ਪਾਸਾਰ



ਪਰਗਟ ਸਿੰਘ
ਖੋਜਾਰਥੀ,
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ
+91 94634 63689

ਕਲਾ ਮਨੁੱਖੀ ਇਤਿਹਾਸ ਦੇ ਹਰ ਯੁੱਗ ਵਿਚ ਮਨੁੱਖ ਦੇ ਨਾਲ ਨਾਲ ਰਹੀ ਹੈ ਅਤੇ ਕਿਸੇ ਨਾ ਕਿਸੇ ਰੂਪ ਵਿਚ ਸਮਾਜ ਨੂੰ ਪ੍ਰਭਾਵਿਤ ਕਰਦੀ ਅਤੇ ਸਮਾਜ ਤੋਂ ਪ੍ਰਭਾਵਿਤ ਹੁੰਦੀ ਆਈ ਹੈ। ਕਲਾ ਦਾ ਇਹ ਰੂਪ-ਵਟਾਂਦਰਾ ਲਗਾਤਾਰ ਅੱਜ ਵੀ ਜਾਰੀ ਹੈ ਅਤੇ ਕਲਾ ਦੀ ਇਸੇ ਪ੍ਰਕਿਰਿਆ ਵਿਚੋਂ ਹੀ ਸਿਨੇਮਾ ਹੋਂਦ ਵਿਚ ਆਇਆ ਹੈ ਜਿਸ ਵਿਚ ਲਗਭਗ ਸਾਰੀਆਂ ਕਲਾਵਾਂ ਦਾ ਸੁਮੇਲ ਹੈ। ਇਉਂ ਸਿਨੇਮਾ ਅਸਲ ਵਿਚ ਕਲਾ ਦਾ ਅਜਿਹਾ ਰੂਪ ਹੈ ਜਿਸ ਨੇ ਕਲਾ ਦੀਆਂ ਲਗਭਗ ਸਾਰੀਆਂ ਹੀ ਵਿਧਾਵਾਂ ਨੂੰ ਆਪਣੇ ਵਿਚ ਆਤਮਸਾਤ ਕਰਕੇ ਕਲਾ ਦੀ ਇਕ ਅਜਿਹੀ ਵਿਧਾ ਜਾਂ ਵੰਨਗੀ ਪੇਸ਼ ਕਰ ਦਿੱਤੀ ਹੈ ਜਿਸ ਨੇ ਕਲਾ ਦੇ ਖੇਤਰ ਵਿਚ ਇਕ ਕ੍ਰਾਂਤੀ ਲੈ ਆਂਦੀ ਹੈ। ਇਸੇ ਲਈ ਸਿਨੇਮਾ ਇਕੋ ਸਮੇਂ ਅਤੇ ਇਕੋ ਸਥਾਨ ਤੇ ਕਲਾ ਦੀਆਂ ਸਮੱਗਰ ਵੰਨਗੀਆਂ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਦੇ ਨਾਲ ਨਾਲ ਸਿਨੇਮਾ ਨੇ ਕਲਾ ਨੂੰ ਸਿਰਫ਼ 'ਕਲਾ' ਨਾ ਰਹਿਣ ਦੇ ਕੇ ਸਗੋਂ ਇਕ 'ਵਪਾਰ' ਵਜੋਂ ਵੀ ਸਥਾਪਿਤ ਕਰ ਦਿੱਤਾ ਹੈ। ਬੇਸ਼ੱਕ ਆਰਥਿਕਤਾ ਪਹਿਲਾਂ ਹੀ ਉਪਹਾਰਾਂ, ਸੌਗਾਤਾਂ, ਤਨਖਾਹਾਂ ਆਦਿ ਦੇ ਰੂਪ ਵਿਚ ਕਲਾ ਨਾਲ ਜੁੜ ਗਈ ਸੀ ਅਤੇ ਛਾਪੇਖਾਨੇ ਦੇ ਆਉਣ ਤੋਂ ਬਾਅਦ ਮੁਨਾਫ਼ੇ ਦਾ ਸਾਧਨ ਵੀ ਬਣ ਚੁੱਕੀ ਸੀ ਪਰ ਸਿਨੇਮਾ ਨੇ ਜਿਸ ਕਦਰ ਕਲਾ ਨੂੰ ਵਪਾਰ, ਪੂੰਜੀਵਾਦ ਤੇ ਮੁਨਾਫ਼ਾਖੋਰੀ ਨਾਲ ਜੋੜਿਆ ਹੈ, ਅਜਿਹਾ ਮਨੁੱਖੀ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਹੋਇਆ ਸੀ। ਇਹੀ ਕਾਰਨ ਹੈ ਕਿ ਅਜੋਕੇ ਦੌਰ ਵਿਚ ਸਿਨੇਮਾ ਪੂਰੇ ਵਿਸ਼ਵ ਤੇ ਭਾਰੂ ਹੈ ਤੇ ਇਸ ਨੇ ਸਮਾਜ ਦੇ ਹਰੇਕ ਵਰਗ ਨੂੰ ਆਪਣੇ ਪ੍ਰਭਾਵ ਅਧੀਨ ਕਰ ਲਿਆ ਹੈ ਕਿਉਂਕਿ ਇਸ ਦੀ ਪਹੁੰਚ ਸਮਾਜ ਦੇ ਹਰ ਵਰਗ ਤਕ ਹੈ। ਇਸ ਨੂੰ ਅਨਪੜ੍ਹਾਂ ਤੋਂ ਲੈ ਕੇ ਪੜ੍ਹੇ ਲਿਖੇ ਵਰਗ ਤੱਕ ਹਰ ਉਮਰ ਦਾ ਵਿਅਕਤੀ ਇਕੋ ਵੇਲੇ ਮਾਣ ਸਕਦਾ ਹੈ। ਇਉਂ ਸਿਨੇਮਾ ਦੇ ਨਾ ਕੇਵਲ ਸਮੱਗਰ ਕਲਾ ਵਜੋਂ ਸਥਾਨ ਗ੍ਰਹਿਣ ਕੀਤਾ ਹੈ ਬਲਕਿ ਇਹ ਦਰਸ਼ਕ ਦੇ ਰੂਪ ਵਿਚ ਸਮੱਗਰ ਪ੍ਰਤੀਉੱਤਰ ਦੀ ਪ੍ਰਤੀਭਾਗੀ ਵੀ ਬਣ ਗਈ ਹੈ।[1] ਇਸ ਲਈ ਅੱਜ ਦੇ ਯੁੱਗ ਵਿਚ ਸਿਨੇਮਾ ਅਤੇ ਇਸ ਦੇ ਤਾਣੇ ਬਾਣੇ ਨੂੰ ਸਮਝਣ ਲਈ ਇਸ ਦੇ ਵਿਹਾਰਕ ਪਾਸਾਰ ਨੂੰ ਸਮਝਣਾ ਬੇਹੱਦ ਜ਼ਰੂਰੀ ਬਣ ਜਾਂਦਾ ਹੈ। ਇਸੇ ਲਈ ਇਸ ਤੋਂ ਪਹਿਲੇ ਖੋਜ ਪੱਤਰ ਰਾਹੀਂ 'ਸਿਨੇਮਾ ਦੇ ਸਿਧਾਂਤਕ ਪਾਸਾਰ' ਨੂੰ ਸਮਝਣ ਉਪਰੰਤ ਪ੍ਰਸਤੁਤ ਖੋਜ ਪੱਤਰ ਦੁਆਰਾ 'ਸਿਨੇਮਾ ਦੇ ਵਿਹਾਰਕ ਪਾਸਾਰ' ਤੇ ਕੇਂਦਰਿਤ ਹੋਇਆ ਗਿਆ ਹੈ।



www.khojnama.com khojnamapb03@gmail.com

ਉਪਰੋਕਤ ਪਿਛੋਕੜ ਵਿਚ ਸਿਨੇਮਾ ਦੇ ਵਿਹਾਰਕ ਪਾਸਾਰ ਦੀਆਂ ਪਰਤਾਂ ਖੋਲ੍ਹਣ ਤੋਂ ਪਹਿਲਾਂ ਵਿਹਾਰਕ ਸ਼ਬਦ ਦੀਆਂ ਜੜ੍ਹਾਂ ਤਲਾਸ਼ਦੇ ਹੋਏ ਇਸ ਦੇ ਧਾਤੂ ਸ਼ਬਦ 'ਵਿਵਹਾਰ' (Behaviour) ਬਾਰੇ ਜਾਣਨਾ ਯੋਗ ਹੋਵੇਗਾ। ਔਕਸਫੋਡ ਡਿਕਸ਼ਨਰੀ ਦੀ ਪਰਿਭਾਸ਼ਾ ਅਨੁਸਾਰ 'ਵਿਵਹਾਰ ਕਿਸੇ ਖਾਸ ਸਥਿਤੀ ਜਾਂ ਉਤਸ਼ਾਹ ਦੀ ਪ੍ਰਤੀਕਿਰਿਆ ਵਜੋਂ ਇਕ ਜਾਨਵਰ ਜਾਂ ਵਿਆਕਤੀ ਕਿਵੇਂ ਵਿਵਹਾਰ ਕਰਦਾ ਹੈ, ਇਹ ਉਸ ਦਾ ਵਿਵਹਾਰ ਜਾਂ ਵਰਤਾਵ ਹੁੰਦਾ ਹੈ। ਇਸੇ ਤਰ੍ਹਾਂ ਹੀ ਉਹ ਢੰਗ ਜਾਂ ਤਰੀਕਾ ਜਿਸ ਨਾਲ ਇਕ ਮਸ਼ੀਨ ਜਾਂ ਇੱਕ ਕੁਦਰਤੀ ਵਰਤਾਰਾ ਕੋਈ ਕੰਮ ਜਾਂ ਪ੍ਰਤੀਕਿਰਿਆ ਕਰਦਾ ਹੈ।[2] ਇਸ ਤਰ੍ਹਾਂ ਵਿਵਹਾਰ ਕਿਸੇ ਵਿਅਕਤੀ ਦੇ ਸੰਚਾਰ ਦਾ ਉਹ ਵਰਤਾਓ ਜਾਂ ਢੰਗ ਤਰੀਕਾ ਹੈ ਜਿਸ ਰਾਹੀਂ ਉਹ ਦੂਜਿਆਂ ਨਾਲ ਵਿਚਰਦਿਆਂ ਸਮੇਂ ਸਮਾਜ ਵਿੱਚ ਵਿੱਚ ਰਲਦਾ ਹੈ। ਇਸ ਵਿਵਹਾਰ (Behaviour) ਤੋਂ ਹੀ ਵਿਵਹਾਰਵਾਦੀ (Behavioural) ਭਾਵ ਵਿਵਹਾਰ ਕਰਨ ਵਾਲਾ, ਵਿਵਹਾਰਵਾਦ (Behaviourism) ਭਾਵ ਕਿ ਵਿਵਹਾਰ ਨੂੰ ਸਨਮੁਖ ਰੱਖ ਕੇ ਉਭਰੀ ਵਿਚਾਰਧਾਰਾ ਅਤੇ ਵਿਵਹਾਰਕ ਵਿਗਿਆਨ (Behavioural Science) ਭਾਵ ਕਿ ਵਿਵਹਾਰ ਨੂੰ ਸਮਝਣ ਪਰਖਣ ਵਾਲਾ ਵਿਗਿਆਨ ਆਦਿ ਸੰਕਲਪ ਹੋਂਦ ਵਿੱਚ ਆਏ ਹਨ। ਇਸ ਪ੍ਰਕਿਰਿਆ ਵਿੱਚੋਂ ਹੀ 'ਵਿਵਹਾਰ' ਤੋਂ 'ਵਿਹਾਰ' ਵਿਚ ਤਬਦੀਲ ਹੋ ਕੇ 'ਵਿਹਾਰਕ' ਸ਼ਬਦ ਹੋਂਦ ਵਿੱਚ ਆਇਆ ਹੈ। ਇਹ ਵਿਹਾਰਕ ਪੱਖ ਕਿਸੇ ਰਚਨਾ ਜਾਂ ਵਿਧਾ ਦੇ ਸਹਿਜ ਸੁਭਾਅ ਜਾਂ ਕੁਦਰਤੀ ਪ੍ਰਤੀਕਰਮ ਜਾਂ ਵਰਤਾਓ ਨੂੰ ਪਰਿਲਕਸ਼ਿਤ ਕਰਦਾ ਹੈ ਅਤੇ ਉਸ ਦੇ ਰੂਪ-ਸਰੂਪ ਦੀ ਪੜਚੋਲ ਕਰਦਾ ਹੈ, ਜਿਹੜਾ ਉਸ ਨੇ ਆਪਣੇ ਆਲੇ ਦੁਆਲੇ ਦੇ ਸਮਾਜ ਤੋਂ ਪ੍ਰਭਾਵਿਤ ਹੋ ਕੇ ਜਾਂ ਸਮਾਜ ਨੂੰ ਪ੍ਰਭਾਵਿਤ ਕਰਕੇ ਅਖਤਿਆਰ ਕੀਤਾ ਹੈ। ਲੇਕਿਨ ਇਥੇ ਇਕ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਕਿਸੇ ਵੀ ਕਲਾ-ਕ੍ਰਿਤ ਜਾਂ ਵਿਧਾ-ਰੂਪ ਦਾ ਸਿਧਾਂਤਕ ਪਾਸਾਰ ਕਲਾ ਵਰਤਾਰੇ ਦੇ ਵਿਹਾਰਕ ਪੱਖ ਨੂੰ ਬਹੁਤ ਹੱਦ ਤਕ ਪ੍ਰਭਾਵਿਤ ਵੀ ਕਰਦਾ ਹੈ ਅਤੇ ਉਸ ਤੋਂ ਪ੍ਰਭਾਵ ਕਬੂਲਦਾ ਵੀ ਹੈ। ਇਸੇ ਲਈ ਸਿਧਾਂਤਕ ਰੂਪ ਤੇ ਵਿਹਾਰਕ ਪਾਸਾਰ ਦੋਵੇਂ ਇਕ ਦੂਜੇ ਨਾਲ ਅੰਤਰ-ਸੰਬੰਧਿਤ ਹਨ। ਜਿਨ੍ਹਾਂ ਦੇ ਅੰਤਰ-ਸੰਬੰਧਾਂ ਨੂੰ ਸਮਝਣ ਲਈ ਦੋਹਾਂ ਪਾਸਾਰਾਂ ਨੂੰ ਇਕੱਲੇ-ਇਕੱਲੇ ਭਾਵ ਸੁਤੰਤਰ ਤੌਰ ਤੇ ਜਾਣਨਾ ਜ਼ਰੂਰੀ ਬਣ ਜਾਂਦਾ ਹੈ। ਇਸ ਪ੍ਰਕਾਰ ਵਿਹਾਰਕ ਸ਼ਬਦ ਦੀਆਂ ਜੜ੍ਹਾਂ ਤਲਾਸ਼ਦਿਆਂ ਇਸ ਦੀ ਵਿਉਤਪੱਤੀ ਨੂੰ ਜਾਣਨ ਉਪਰੰਤ 'ਸਿਨੇਮਾ ਦੇ ਵਿਹਾਰਕ ਪਾਸਾਰ' ਦੀ ਉਸਾਰੀ ਕਰਦਿਆਂ ਹੋਇਆਂ ਸਿਨੇਮਾ ਦੇ

'ਬਣਨ' ਦੀ ਪੂਰੀ 'ਸਿਰਜਣ-ਪ੍ਰਕਿਰਿਆ' ਨੂੰ ਸਮਝਣਾ ਬਣਦਾ ਹੈ। ਇਸ ਪਰਥਾਇ ਇੱਕ ਨਜ਼ਰ 'ਸਿਨੇਮਾ' ਦੇ ਨਿਕਾਸ ਅਤੇ ਹੁਣ ਤਕ ਦੇ ਵਿਕਾਸ 'ਤੇ ਮਾਰਨੀ ਬਣਦੀ ਹੈ ਤਾਂ ਕਿ ਇਹ ਜਾਣਿਆ ਜਾ ਸਕੇ ਕਿ ਸਿਨੇਮਾ ਨੇ ਆਪਣੇ ਨਿਕਾਸ ਤੋਂ ਬਾਅਦ ਕਿਸ ਤਰ੍ਹਾਂ ਆਪਣੀ ਵਿਕਾਸ-ਯਾਤਰਾ ਤੈਅ ਕੀਤੀ ਹੈ। ਇਸ ਉਪਰੰਤ ਸਿਨੇਮਾ ਦੇ ਵਿਹਾਰਕ ਪਾਸਾਰ ਦੀ ਉਸਾਰੀ ਹਿਤ ਇਸ ਦੇ ਨਿਰਮਾਣ ਦੀ ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇਗਾ।

**ਸਿਨੇਮਾ ਦਾ ਵਿਕਾਸ**

1900 ਤੋਂ ਪਹਿਲਾਂ ਦੇ ਸਿਨੇਮਾਈ ਪ੍ਰਯਾਸਾਂ ਨੂੰ 'ਮੁਢਲਾ ਸਿਨੇਮਾ' ਜਾਂ 'ਸ਼ੁਰੂਆਤੀ ਸਿਨੇਮਾ' (Early Motion Picture) ਕਿਹਾ ਜਾਂਦਾ ਹੈ ਲੇਕਿਨ 1900 ਤੋਂ 1910 ਤਕ ਦੇ ਸਮੇਂ ਨੂੰ 'ਮਿਆਰੀ ਫ਼ਿਲਮ' (Standard Motion Picture) ਦਾ ਸਮਾਂ ਕਿਹਾ ਜਾਂਦਾ ਹੈ ਭਾਵ ਜਦੋਂ ਤਕ ਸਿਨੇਮਾ ਆਪਣੇ ਮਿਆਰੀਕਰਨ ਤੱਕ ਪੁੱਜ ਚੁੱਕਾ ਸੀ। ਸਿੱਟੇ ਵਜੋਂ ਫ਼ਿਲਮਾਂ ਮਿਆਰੀ (Standard) ਪੱਧਰ ਦੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫ਼ਿਲਮਾਂ 200 ਫੁੱਟ ਤੱਕ ਲੰਬੀਆਂ ਬਣਨ ਲੱਗ ਗਈਆਂ ਸਨ। ਇਸ ਪਰਥਾਇ 'ਮੋਸ਼ਨ ਪਿਕਚਰ ਪੇਟੰਟ ਟਰੱਸਟ (Motion Picture Patents Trust) ਨੇ ਫ਼ਿਲਮ ਦਾ ਮਿਆਰੀ ਸਾਇਜ਼ (Standard Size) 35mm ਨਿਸ਼ਚਿਤ ਕਰ ਦਿੱਤਾ ਸੀ ਤੇ ਫ਼ਿਲਮ 1:33 ਦੀ ਅਨੁਮਾਨਤ ਅਨੁਪਾਤ ਰੇਸ਼ੋ (Aspect Ratio) ਦੀ ਮੰਨ ਲਈ ਗਈ ਸੀ।'[3] ਇਸ ਤਰ੍ਹਾਂ 1900 ਤੋਂ ਬਾਅਦ ਭਾਵ 20ਵੀਂ ਸਦੀ ਦੀ ਸ਼ੁਰੂਆਤ ਵਿਚ ਹੀ 'ਸਿਨੇਮਾ' ਆਪਣੇ ਇਕ ਮਿਆਰ ਨੂੰ ਹਾਸਲ ਕਰ ਲੈਂਦਾ ਹੈ ਅਤੇ ਮੁੱਢਲੀਆਂ ਛੋਟੀਆਂ ਛੋਟੀਆਂ 'ਲਘੂ ਫ਼ਿਲਮਾਂ' (Short Films) ਦੇ ਨਾਲ ਨਾਲ ਵੱਡੀਆਂ ਭਾਵ 'ਫੀਚਰ ਫ਼ਿਲਮਾਂ' (Feature Films) ਵੀ ਬਣਨੀਆਂ ਸ਼ੁਰੂ ਹੋ ਜਾਂਦੀਆਂ ਹਨ। ਸਿਨੇਮਾ ਦਾ ਨਿਕਾਸ ਕਿਸੇ ਦ੍ਰਿਸ਼ ਵਿਚ ਕੁਝ ਬਿਆਨ ਕਰਦੀਆਂ ਤਸਵੀਰਾਂ ਦੇ ਰੂਪ ਵਿਚ ਹੋਇਆ ਸੀ ਜਿਨ੍ਹਾਂ ਨੂੰ ਸਿਨੇਮਾਈ ਦ੍ਰਿਸ਼ਾ ਨੂੰ ਸਿਨੇਮਾ ਦੇ ਮੁੱਢਲੇ ਦੌਰ ਦੀਆਂ ਸ਼ੁਰੂਆਤੀ ਲਘੂ ਫ਼ਿਲਮਾਂ ਦੇ ਨਮੂਨੇ ਦੇ ਤੌਰ ਤੇ ਮੰਨਿਆ ਜਾ ਸਕਦਾ ਹੈ। ਲੇਕਿਨ 1900 ਤੋਂ ਬਾਆਦ ਦਾ ਸਮਾਂ ਸਿਨੇਮਾ ਦੀ ਪਰਪੱਕਤਾ ਦਾ ਸਮਾਂ ਸੀ ਤੇ ਇਸ ਦੌਰ ਵਿਚ ਬਣਿਆ ਸਿਨੇਮਾ ਆਪਣੇ ਮਿਆਰ ਤੇ ਗੁਣਵੱਤਾ ਕਾਰਨ 'ਸ਼ੁਰੂਆਤੀ ਸਿਨੇਮਾ' ਤੋਂ ਕਾਫੀ ਭਿੰਨ ਹੈ। ਇਸ ਦੌਰ ਵਿਚ ਜਿਥੇ ਇਕ ਪਾਸੇ ਵਿਧੀਵਤ ਰੂਪ ਵਿਚ 'ਲਘੂ ਫ਼ਿਲਮਾਂ' (Short Films) ਬਣਨ ਲੱਗੀਆਂ ਅਤੇ ਬਕਾਇਦਾ ਸਕਰੀਨਿੰਗ ਹੋਣ ਲੱਗੀ, ਉਥੇ ਹੀ ਦੂਜੇ

ਪਾਸੇ ਇਹਨਾਂ ਦੇ ਨਾਲ 'ਡਾਕੂਮੈਂਟਰੀ ਫ਼ਿਲਮਾਂ' (Documentary Films) ਤੇ 'ਫੀਚਰ ਫ਼ਿਲਮਾਂ' (Feature Films) ਵੀ ਵੱਡੇ ਪੱਧਰ ਤੇ ਬਣਨ ਲੱਗੀਆਂ। ਇਸ ਸੰਬੰਧ ਵਿਚ ਜੇਕਰ ਡੂੰਘਾਈ ਨਾਲ ਵਾਚਿਆ ਜਾਵੇ ਤਾਂ 1906 ਵਿੱਚ ਆਸਟ੍ਰੇਲੀਅਨ ਫ਼ਿਲਮਕਾਰ Charles Tait ਪਹਿਲੀ 60 ਮਿੰਟ ਦੀ ਫੀਚਰ ਫ਼ਿਲਮ The Story of the Killy ਬਣਾਉਂਦਾ ਹੈ। 'ਵਿਸ਼ਵ ਦੀ ਇਹ ਪਹਿਲੀ ਫੀਚਰ ਫ਼ਿਲਮ ਹੈ ਜੋ ਮੈਲਬੋਰਨ (Melbourne) ਵਿਚ ਫ਼ਿਲਮਾਈ ਗਈ ਜਿਹੜੀ 1200 ਮੀਟਰ ਲੰਬੀ ਸੀ। ਇਹ ਫ਼ਿਲਮ 26 ਦਿਸੰਬਰ 1906 'ਚ ਆਸਟ੍ਰੇਲੀਆ 'ਚ ਮੈਲਬੋਰਨ (Melbourne) ਦੇ ਸ਼ਹਿਰ ਦੇ Athenaeum Hall 'ਚ ਰਿਲੀਜ਼ ਹੋਈ ਜੋ ਕਿ Arnold Dunham ਦੇ ਨਾਟਕ The Kelly's Gang ਤੇ ਆਧਾਰਤ ਮੰਨੀ ਜਾਂਦੀ ਹੈ।'[4] ਲੇਕਿਨ ਕੁੱਝ ਸਿਨੇਮਾ ਖੋਜੀ 22 ਮਈ 1897 ਨੂੰ ਰੀਲੀਜ਼ ਹੋਈ ਫ਼ਿਲਮ 'The Corbett Fitzsimmons Fight (1 ਘੰਟਾ 4 ਮਿੰਟ) ਨੂੰ ਪਹਿਲੀ ਫੀਚਰ (Feature Film) ਫ਼ਿਲਮ ਮੰਨ ਲੈਂਦੇ ਹਨ। ਲੇਕਿਨ ਇਹ ਇੱਕ ਬਾਕਸਿੰਗ (Boxing) ਮੈਚ ਦੀ ਰਿਕਾਰਡਿੰਗ ਸੀ।'[5] ਇਸ ਲਈ ਇਸ ਨੂੰ ਇਕ 'ਡਾਕੂਮੈਂਟਰੀ ਫ਼ਿਲਮ' ਤਾਂ ਕਿਹਾ ਜਾ ਸਕਦਾ ਹੈ ਪਰ ਵਿਧੀਵਤ ਰੂਪ ਵਿਚ ਬਣੀ ਇਹ ਪਹਿਲੀ ਫੀਚਰ ਫ਼ਿਲਮ ਨਹੀਂ ਸੀ। ਇਸ ਤੋਂ ਇਲਾਵਾ ਜੇਕਰ ਇਸ ਦੌਰ ਵਿੱਚ ਲਘੂ ਫ਼ਿਲਮਾਂ ਦੀ ਗੱਲ ਕਰੀਏ ਤਾਂ 1900 ਤੋਂ ਪਹਿਲਾਂ ਬਣੀਆਂ ਮੁਢਲੀਆਂ ਲਘੂ ਫ਼ਿਲਮਾਂ ਤੋਂ ਬਾਅਦ 20 ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਲਘੂ ਫ਼ਿਲਮ ਦੀ ਵਿਧੀਵਤ ਰੂਪ ਵਿੱਚ ਸ਼ੁਰੂਆਤ ਹੋ ਜਾਂਦੀ ਹੈ। ਇਸ ਸੰਬੰਧ ਵਿੱਚ ਬਹੁਤ ਸਾਰੇ ਫ਼ਿਲਮਕਾਰਾਂ ਦੀਆਂ ਫ਼ਿਲਮਾਂ ਨੂੰ ਦੇਖਿਆ ਜਾ ਸਕਦਾ ਹੈ। ਜਿਵੇਂ ਕਿ ਜਾਰਜ ਮੇਲੀਏਜ (Geogre Melies) ਦੀ 1902 ਦੇ ਵਿੱਚ ਬਣੀ 13 ਮਿੰਟ ਦੀ ਲਘੂ ਫ਼ਿਲਮ A Trip to the Moon ਬਹੁਤ ਮਹੱਤਵ ਰੱਖਦੀ ਹੈ। ਇਸੇ ਤਰ੍ਹਾਂ ਹੀ '1903 ਵਿਚ ਕਹਾਣੀ ਦੇ ਰੂਪ ਵਿਚ ਬਣਨ ਵਾਲੀ ਪਹਿਲੀ ਫ਼ਿਲਮ The Great Train Robbery ਹੈ ਜੋ ਕਿ ਅਮਰੀਕਾ ਦੇ ਐਡਵਿਨ ਐਸ ਪੋਰਟਰ (Edwin S Porter) ਨੇ ਡਾਇਰੈਕਟ ਕੀਤੀ। ਇਹ 12 ਮਿੰਟ ਦੀ ਲਘੂ ਫ਼ਿਲਮ ਵੀ ਬਹੁਤ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਇਸ ਦੌਰ ਵਿਚ ਬਣੀਆਂ ਹੋਰ ਫ਼ਿਲਮਾਂ : The passion play (1903), An impossible Voyager (1904), Ben Hur (1907), A corner in wheat (1909), Frankenstein (1910), Fighting blood (1911), Le mystère des roches de kador (1912), The musketeers of pig alley (1912), One A.M

(1916), Easy Street (1917) ਆਦਿ ਫ਼ਿਲਮਾਂ ਵਰਣਨ ਯੋਗ ਹਨ।'[6] ਸਿਨੇਮਾ ਦੇ ਇਸ ਦੌਰ ਨੂੰ ਖ਼ਾਮੋਸ਼ ਫ਼ਿਲਮਾਂ (Silent Films) ਦਾ ਦੌਰ ਕਿਹਾ ਜਾਂਦਾ ਹੈ। ਇਸ ਨੂੰ ਚਾਰਲੀ ਚੈਪਲਿਨ (Charlie Chaplin) ਦਾ ਦੌਰ ਕਹਿ ਕੇ ਵੀ ਸਨਮਾਨਿਆ ਜਾਂਦਾ ਹੈ।

ਸਿਨੇਮਾ ਕਿਉਂਕਿ 19ਵੀਂ ਸਦੀ ਦੇ ਅੰਤਲੇ ਅਤੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਅਗਾਂਹ ਵਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਮਿਆਰੀ ਫ਼ਿਲਮਾਂ ਦੀ ਸ਼ੁਰੂਆਤ ਹੋ ਜਾਂਦੀ ਹੈ। ਇਸੇ ਲਈ ਇਸ ਦੌਰ ਵਿੱਚ ਬਹੁਤ ਸਾਰੀਆਂ ਲਘੂ ਫ਼ਿਲਮਾਂ, ਫੀਚਰ ਫ਼ਿਲਮਾਂ, ਡਾਕੂਮੈਂਟਰੀ ਫ਼ਿਲਮਾਂ ਤੇ ਐਨੀਮੇਟਡ ਫ਼ਿਲਮਾਂ ਦਾ ਨਿਰਮਾਣ ਹੁੰਦਾ ਹੈ। ਇਸ ਲਈ 1905 ਵਿੱਚ ਪਿਟਸਬਰਗ (Pittsburgh) ਵਿਖੇ The Nickelodeon ਨਾਂ ਦਾ ਪਹਿਲਾ ਪਰਮਾਨੈਂਟ ਥੀਏਟਰ ਖੁੱਲ੍ਹ ਜਾਂਦਾ ਹੈ। ਮਾਰਕਿਟ ਦੇ ਵਿੱਚ ਫ਼ਿਲਮਾਂ ਦਾ ਚੰਗਾ ਸ਼ੇਅਰ (Share) ਹੁੰਦਾ ਸੀ। ਲਿਹਾਜ਼ਾ ਫ਼ਿਲਮਾਂ ਦੇ ਪ੍ਰਿੰਟ ਅਤੇ ਫ਼ਿਲਮ ਕੰਪਨੀਆਂ ਦੀ ਖਰੀਦੋ ਫਰੋਖ਼ਤ ਹੋਣ ਲੱਗੀ। ਇਸੇ ਸਮੇਂ 20ਵੀਂ ਸਦੀ ਦੇ ਦੂਜੇ ਦਹਾਕੇ 1914 ਵਿਚ ਪਹਿਲਾ ਵਿਸ਼ਵ ਯੁੱਧ ਹੁੰਦਾ ਹੈ ਜਿਸ ਦੌਰਾਨ ਵਿਸ਼ਵ ਸਿਨੇਮਾ ਦਾ ਬਹੁਤ ਨੁਕਸਾਨ ਹੋਇਆ। ਖ਼ਾਸਕਰ ਫਰਾਂਸ ਦਾ ਸਿਨੇਮਾ ਜਿਸ ਦੇ ਅੰਤਰਰਾਸ਼ਟਰੀ ਪੱਧਰ ਤੇ ਪਹਿਲਾਂ 90% ਡਿਸਟੀਬਿਊਟਰ ਸਨ ਪਰ ਅਮਰੀਕਾ ਨੇ ਫਰਾਂਸ ਦੀ ਇਸ ਸਿਨੇਮਾ ਇੰਡਸਟਰੀ ਨੂੰ ਬਰਬਾਦ ਕਰ ਦਿੱਤਾ ਤੇ 1928 ਤੱਕ ਉਸ ਦੇ ਆਪਣੇ ਡਿਸਟੀਬਿਊਟਰ 85% ਹੋ ਗਏ। ਇਸ ਦੇ ਨਾਲ ਹੀ ਅਮਰੀਕਾ ਵਿਚ ਫ਼ਿਲਮ ਨਿਰਮਾਣ ਦਾ ਕੇਂਦਰ 'ਹਾਲੀਵੁੱਡ' ਵੀ ਸਥਾਪਿਤ ਹੋ ਜਾਂਦਾ ਹੈ ਪਰ ਪਹਿਲੇ ਵਿਸ਼ਵ ਯੁੱਧ ਦੇ ਅੰਤ ਨਾਲ ਸਿਨੇਮਾ ਲਈ ਜੋ ਚੰਗੇ ਸੰਕੇਤ ਸਾਹਮਣੇ ਆਏ ਉਹ ਇਹ ਸਨ ਕਿ ਸਾਰੀਆਂ ਯੂਨਾਈਟਡ ਸਟੇਟਸ ਨੇ ਸਭਿਆਚਾਰਕ ਫੈਲਾਅ ਦਾ ਸੁਆਗਤ ਕੀਤਾ ਜਿਸ ਸਦਕਾ ਇੱਕ ਨਵਾਂ ਦਰਸ਼ਕ ਵਰਗ ਹੋਂਦ ਵਿੱਚ ਆਇਆ। ਸਿੱਟੇ ਵਜੋਂ 'ਇਸ ਸਮੇਂ A Serial, Film Serial, Movie Serial ਤੇ Chapter Play ਆਦਿ ਦੀ ਸ਼ੁਰੂਆਤ ਹੋ ਗਈ। ਇਹਨਾਂ ਨੂੰ Short Subject ਤੇ Short Films ਵੀ ਕਿਹਾ ਜਾਂਦਾ ਸੀ। ਇਹਨਾਂ ਤੋਂ ਇਲਾਵਾ ਇਸ ਸਮੇਂ ਬਣੀਆਂ ਪ੍ਰਮੁੱਖ ਫ਼ਿਲਮਾਂ 'ਦਾ ਓਲਡ ਕੈਲੀਫੋਰਨੀਆ', 'ਦਾ ਬਰਥ ਔਫ ਏ ਨੇਸ਼ਨ' (1915), 'ਲੈਗਜ਼ ਅੰਡਰ ਦਾ ਸੀ' (1916) ਆਦਿ ਵਰਣਨਯੋਗ ਫ਼ਿਲਮਾਂ ਹਨ।'[7] ਇਸ ਤੋਂ ਬਾਅਦ ਵਾਲੀਆਂ ਫ਼ਿਲਮਾਂ ਵਿਚ ਆਵਾਜ਼ ਜਾਂ ਪਿੱਠਵਰਤੀ ਸੰਗੀਤ ਦੇਣ ਲਈ ਬਹੁਤ ਸਾਰੇ ਤਜਰਬੇ ਹੋਣੇ ਸ਼ੁਰੂ ਹੋ ਗਏ। ਇਸ ਸੰਬੰਧ ਵਿਚ ਸਿਨੇਮਾ ਹਾਲ ਵਿਚ ਹੀ ਫ਼ਿਲਮ ਦੀ ਸਕਰੀਨਿੰਗ

ਸਮੇਂ ਪਹਿਲਾਂ ਕੋਈ ਇਕ ਸੰਗੀਤਕਾਰ ਆਪਣੇ ਸਾਜ਼ ਤੋਂ ਫ਼ਿਲਮ ਵਿਚਲੇ ਭਾਵ ਦੇ ਨਾਲ ਨਾਲ ਸੰਗੀਤ ਦਿੰਦਾ ਸੀ। ਮੁੜ ਇਸ ਦੀ ਹੋਰ ਵੱਧ ਲੋੜ ਅਨੁਭਵ ਕਰਨ ਤੋਂ ਬਾਅਦ ਇਕ ਤੋਂ ਵੱਧ ਸਾਜ਼ਿੰਦੇ ਆਪੋ ਆਪਣੇ ਸਾਜ਼ਾਂ ਨਾਲ ਫ਼ਿਲਮ ਦੇ ਸੀਨ ਮੁਤਾਬਕ ਮੌਕੇ ਤੇ ਸੰਗੀਤ ਦੇਣ ਲੱਗੇ। ਇਸ ਤੋਂ ਇਲਾਵਾਂ ਹੋਰ ਕਈ ਤਜਰਬਿਆਂ ਅਧੀਨ ਚਲਦੀ ਫ਼ਿਲਮ ਦੇ ਨਾਲ ਨਾਲ ਕਲਾਕਾਰਾਂ ਵਲੋਂ ਸੰਵਾਦ ਬੋਲਣ ਦਾ ਰੁਝਾਨ ਵੀ ਜ਼ੋਰ ਫੜਨ ਲੱਗਾ। ਇਸੇ ਤਰ੍ਹਾਂ ਹੀ ਹੋਰ ਵੀ ਬਹੁਤ ਸਾਰੇ ਤਜਰਬਿਆਂ ਤੋਂ ਬਾਅਦ ਅਖ਼ੀਰ 1927 ਵਿੱਚ Warner Brothers ਦੁਆਰਾ ਬਣਾਈ ਪਹਿਲੀ ਬੋਲਦੀ ਫ਼ਿਲਮ The Jazz Singer (1927) ਆਉਂਦੀ ਹੈ ਜੋ Alan Crosland ਨੇ ਡਾਇਰੈਕਟ ਕੀਤੀ। ਇਹ 88 ਮਿੰਟ ਦੀ ਫੀਚਰ ਫ਼ਿਲਮ, ਜੋ ਕਿ 6 ਅਕਤੂਬਰ 1927 ਨੂੰ ਰੀਲੀਜ਼ ਹੋਈ, ਵਿਧੀਵਤ ਰੂਪ ਵਿਚ ਬਣੀ ਪਹਿਲੀ ਬੋਲਦੀ ਫ਼ਿਲਮ ਸੀ। ਇਸੇ ਤਰ੍ਹਾਂ ਹੀ ਇਸ ਤੀਜੇ ਦਹਾਕੇ ਦੌਰਾਨ ਬਣਨ ਵਾਲੀਆਂ ਕੁੱਝ ਪ੍ਰਮੁੱਖ ਫ਼ਿਲਮਾਂ ਹਨ 'ਓਵਰ ਦਾ ਹਿਲ ਟੂ ਦਾ ਪੂਅਰ ਹਾਊਸ' (1920), 'ਦਾ ਫੋਰ ਹੌਰਸਮੇਲ ਔਫ ਦਾ ਅਪੋਕਲੈਂਪਸ' (1921), 'ਦਾ ਕਵਰਡ ਵਾਗੌਨ' (1923), 'ਦਾ ਬਿਗ ਪਰੇਡ' (1925), 'ਅਲਾਮੋ ਔਫ ਦਾ ਸਾਊਥ ਸੀਜ਼' (1926), 'ਦਾ ਸਿੰਗਿੰਗ ਫੂਲ' (1928), 'ਦਾ ਬੋਰਡ ਵੇ ਮੈਲੇਡੀ' (1929) ਤੇ 'ਟੌਮ ਸਵਾਇਰ' (1930) ਆਦਿ ਫ਼ਿਲਮਾਂ ਵਰਨਣ ਯੋਗ ਹਨ।'[8] ਇਸੇ ਤਰ੍ਹਾਂ ਹੀ 1930 ਤੋਂ 1940 ਦਾ ਦਹਾਕਾ ਵਿਸ਼ਵ ਪੱਧਰ ਦੇ ਸਿਨੇਮਾ ਲਈ ਸੁਨਹਿਰੀ ਕਾਲ ਵਜੋਂ ਦੇਖਿਆ ਜਾਂਦਾ ਹੈ। ਇਸ ਸਮੇਂ ਸਿਨੇਮਾ ਵਿਚ ਜਿਥੇ ਤਕਨੀਕ ਨੇ ਬਹੁਤ ਵਿਕਾਸ ਕੀਤਾ ਉਥੇ ਹੀ ਯਾਨਰਿਕ ਪੱਧਰ ਤੇ ਵੀ ਵਿਭਿੰਨ ਯਾਨਰਾਂ ਦੀਆਂ ਫ਼ਿਲਮਾਂ ਦਾ ਨਿਰਮਾਣ ਹੁੰਦਾ ਹੈ। ਇਸ ਸਮੇਂ ਐਕਸ਼ਨ, ਮਿਊਜ਼ੀਕਲ, ਡਾਕੂਮੈਂਟਰੀ, ਕਾਮੇਡੀ, ਸੋਸ਼ਲ ਈਸ਼ੂਜ਼ ਆਦਿ ਯਾਨਰਾਂ ਦੀਆਂ ਢੇਰ ਸਾਰੀਆਂ ਫ਼ਿਲਮਾਂ ਦਾ ਨਿਰਮਾਣ ਹੁੰਦਾ ਹੈ। ਇਸੇ ਕਾਰਨ ਹੀ ਫਰਾਂਸ ਤੇ ਜਰਮਨ ਦੇ ਸਿਨੇਮਾਕਾਰਾਂ ਨੇ ਇਸ ਨਵੀਂ ਤਕਨੀਕ ਅਤੇ ਯਾਨਰਿਕ ਪਰਿਵਰਤਨਾਂ ਦਾ ਭਰਵਾਂ ਸੁਆਗਤ ਕਰਦੇ ਹੋਏ ਬਹੁਤ ਸਾਰੀਆਂ ਫ਼ਿਲਮਾਂ ਦਾ ਨਿਰਮਾਣ ਕੀਤਾ। ਜਿਵੇਂ ਕਿ 'ਕਿੰਗ ਕੌਂਗ' (1933), 'ਇੱਟ ਹੈਪਨਡ ਇਨ ਵਨ ਨਾਇਟ' (1934), 'ਟੌਪ ਹੈਟ' (1935), 'ਹਉ ਟੂ ਬੀਕਮ ਅ ਡੀਟੇਕਟਿਵ' (1936), 'ਸੋ ਵਾਇਟ ਐਂਡ ਦਾ ਸੈਵਨ ਡਬਜ਼' (1937) ਤੇ 'ਗੌਨ ਵਿਦ ਦਾ ਵਿੰਡ' (1939) ਆਦਿ ਫ਼ਿਲਮਾਂ ਵਰਣਨਯੋਗ ਹਨ।'[9]

ਉਪਰੋਕਤ ਦੀ ਨਿਰੰਤਰਤਾ ਵਿਚ ਜੇਕਰ ਭਾਰਤੀ ਸਿਨੇਮਾ ਦੀ ਗੱਲ ਕਰੀਏ ਤਾਂ 'ਭਾਰਤੀ ਸਿਨੇਮਾ ਦੀ ਸ਼ੁਰੂਆਤ ਵਿਸ਼ਵ ਸਿਨੇਮਾ ਦੀ ਸ਼ੁਰੂਆਤ ਦੇ ਕੁੱਝ ਸਮੇਂ ਬਾਅਦ ਹੀ 7 ਜੁਲਾਈ 1896 ਨੂੰ ਬੰਬਈ ਦੇ ਵਾਟਸਨ ਹੋਟਲ ਵਿੱਚ ਵਿਧੀਵਤ ਰੂਪ ਵਿੱਚ ਹੋ ਗਈ ਸੀ ਜਦੋਂ ਲੁਮੀਏਰੇ ਭਰਾਵਾਂ ਨੇ ਮੁੰਬਈ (ਬੰਬੇ) ਦੇ ਵਾਟਸਨ ਹੋਟਲ ਵਿੱਚ 1 ਰੁਪਏ ਦੀ ਟਿਕਟ ਤੇ ਆਪਣੀਆਂ 6 ਫ਼ਿਲਮਾਂ ਦੀ ਸਕਰੀਨਿੰਗ ਕੀਤੀ ਸੀ। ਇਸ ਤਰ੍ਹਾਂ ਲੁਮੀਏਰੇ ਭਰਾਵਾਂ ਦੀ ਇਸ ਸਕਰੀਨਿੰਗ ਨਾਲ ਭਾਰਤ ਵਿੱਚ ਵੀ ਸਿਨੇਮਾ ਦੀ ਆਮਦ ਹੋ ਗਈ ਅਤੇ ਇਸ ਤੋਂ ਬਾਅਦ ਧੁੰਡੀ ਰਾਜ ਗੋਵਿੰਦ ਫਾਲਕੇ (ਦਾਦਾ ਸਾਹਿਬ ਫਾਲਕੇ) ਨੇ 1913 ਵਿੱਚ 'ਰਾਜਾ ਹਰੀਸ਼ ਚੰਦਰ' ਫ਼ਿਲਮ ਬਣਾ ਕੇ ਵਿਧੀਵਤ ਢੰਗ ਨਾਲ ਸਿਨੇਮਾ ਦਾ ਆਗਾਜ਼ ਕਰ ਦਿੱਤਾ।'[10] ਇਸ ਸ਼ੁਰੂਆਤ ਨਾਲ ਹੋਰ ਬਹੁਤ ਸਾਰੇ ਫ਼ਿਲਮਕਾਰ ਭਾਰਤੀ ਸਿਨੇਮਾ ਦੇ ਖੇਤਰ ਵਿੱਚ ਕਾਰਜਸ਼ੀਲ ਹੋ ਗਏ। ਇਸ ਸੰਬੰਧ ਵਿੱਚ 1900 ਤੋਂ 1913 ਤੱਕ ਬਹੁਤ ਸਾਰੀਆਂ ਲਘੂ ਫ਼ਿਲਮਾਂ ਬਣੀਆਂ। ਇਸੇ ਲਈ ਇਸ ਨੂੰ ਹਿੰਦੀ ਸਿਨੇਮਾ ਵਿਚ 'ਲਘੂ ਫ਼ਿਲਮ ਦਾ ਦੌਰ' ਵੀ ਕਿਹਾ ਜਾਂਦਾ ਹੈ। ਇਸੇ ਲੜੀ ਤਹਿਤ ਬੰਗਾਲ ਦੇ ਪ੍ਰਸਿੱਧ ਨਾਟਕਕਾਰ ਹੀਰਾ ਲਾਲ ਸੇਨ ਨੇ ਵਿਦੇਸ਼ੀ ਫ਼ਿਲਮਾਂ ਦੇ ਪ੍ਰਭਾਵ ਅਧੀਨ ਹਿੰਦੀ ਸਿਨੇਮਾ ਵੱਲ ਕਦਮ ਵਧਾਏ। ਉਨ੍ਹਾਂ ਨੇ 'ਅਲੀ ਬਾਬਾ' ਅਤੇ 'ਸਰਲਾ' ਵਰਗੇ ਕਈ ਨਾਟਕਾਂ ਨੂੰ ਫ਼ਿਲਮਾਂ ਵਿੱਚ ਪੇਸ਼ ਕੀਤਾ। ਉਨ੍ਹਾਂ ਨੇ ਜਨਵਰੀ 1903 ਵਿੱਚ ਆਪਣੀਆਂ ਖ਼ੁਦ ਦੀਆਂ ਬਣਾਈਆਂ ਫ਼ਿਲਮਾਂ ਦਾ ਪੂਰਾ ਸ਼ੋਅ ਆਰੰਭ ਕੀਤਾ। ਇਨ੍ਹਾਂ ਵਿਚੋਂ 'ਭਾਰਤੀਯ ਜੀਵਨ ਔਰ ਦ੍ਰਿਸ਼ਾਵਲੀ' ਆਦਿ ਪ੍ਰਮੁੱਖ ਸੀ। ਇਸੇ ਤਰ੍ਹਾਂ ਹੀ ਫ਼ਿਲਮਸਾਜ਼ੀ ਵਿੱਚ ਸਭ ਤੋਂ ਪਹਿਲਾਂ ਹਰੀਸ਼ ਚੰਦਰ ਐਸ. ਭਟਵਾਡੇਕਰ ਨੇ ਆਪਣੀਆਂ ਫ਼ਿਲਮਾਂ ਦੀ ਨੁਮਾਇਸ਼ ਕੀਤੀ। ਉਨ੍ਹਾਂ ਨੇ ਹੀ ਭਾਰਤੀ ਸਿਨੇਮਾ ਨੂੰ ਪਹਿਲੀ ਚਲਦੀ ਫਿਰਦੀ ਫ਼ਿਲਮ 'ਦਾ ਰੈਸਲਰਜ਼' ਦਿੱਤੀ। ਇਸ ਤੋਂ ਬਿਨ੍ਹਾਂ ਐਫ. ਬੀ. ਤਾਰਾਵਾਲਾ, ਮੋਤੀ ਲਾਲ ਸੇਨ, ਜੇ. ਐਲ. ਮਦਾਨ ਨੇ ਵੀ ਬਹੁਤ ਸਾਰੀਆਂ ਫ਼ਿਲਮਾਂ ਦਾ ਨਿਰਮਾਣ ਕੀਤਾ। 'ਇੰਜ ਹੀ ਆਰ. ਜੀ. ਤੋਰਨੇ ਅਤੇ ਐਨ. ਜੀ. ਚਿਤਰੇ ਨੇ ਨਾਟਕ ਸੰਸਥਾ ਨਾਲ ਮਿਲ ਕੇ 'ਸ਼੍ਰੀ ਪੁੰਡਲਿਕ' ਫ਼ਿਲਮ ਦਾ ਨਿਰਮਾਣ ਕੀਤਾ। ਪਰ ਇਸ ਫ਼ਿਲਮ ਦੀ ਲਗਭਗ 80% ਫੰਡਿੰਗ ਵਿਦੇਸ਼ੀ ਸੀ ਇਸ ਲਈ ਇਸ ਨੂੰ ਪਹਿਲੀ ਭਾਰਤੀ ਫ਼ਿਲਮ ਦਾ ਦਰਜਾ ਨਹੀਂ ਦਿੱਤਾ ਜਾਂਦਾ।'[11] ਇਸੇ ਤਰ੍ਹਾਂ ਹੀ ਇਹ ਬਾਕੀ ਦੀਆਂ ਸਾਰੀਆਂ ਹੀ ਫ਼ਿਲਮਾਂ ਕਿਸੇ ਨਾ ਕਿਸੇ ਪੱਖ ਤੋਂ ਸਿਨੇਮਾ ਦੀ ਵਿਧਾ ਤੇ ਪੂਰੀਆਂ ਨਹੀਂ ਉਤਰਦੀਆਂ ਸਨ। ਇਸ ਲਈ ਦਾਦਾ ਸਾਹਿਬ ਫਾਲਕੇ ਦੀ 'ਰਾਜਾ

ਹਰੀਸ਼ ਚੰਦਰ' (1913) ਹੀ 'ਭਾਰਤ ਦੀ ਪਹਿਲੀ ਫ਼ਿਲਮ' ਮੰਨੀ ਜਾਂਦੀ ਹੈ ਕਿਉਂਕਿ ਇਹ ਫ਼ਿਲਮ ਪੂਰਨ ਤੌਰ ਤੇ ਫਾਲਕੇ ਸਾਹਿਬ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਸੀ। ਇਸ ਲਈ ਇਹ ਫ਼ਿਲਮ ਇਸ ਮਾਣ ਨੂੰ ਹਾਸਲ ਕਰ ਪਾਈ ਹੈ। ਦਾਦਾ ਸਾਹਿਬ ਫਾਲਕੇ ਜੀ ਆਪ ਮਰਾਠੀ ਭਾਸ਼ਾਈ ਸਨ ਪਰੰਤੂ ਫ਼ਿਲਮ ਉਹਨਾਂ ਨੇ ਹਿੰਦੀ ਵਿੱਚ ਪੇਸ਼ ਕਰ ਕੇ ਭਾਰਤੀ ਸਿਨੇਮਾ ਦਾ ਮਾਣ ਵਧਾਇਆ। ਇਸ ਕੜੀ ਅਧੀਨ ਹੀ ਵਿਸ਼ਵ ਸਿਨੇਮਾ ਦੀ ਪਹਿਲੀ ਬੋਲਦੀ ਫ਼ਿਲਮ 'ਦਾ ਜੈਜ਼ ਸਿੰਗਰ' (1927) ਤੋਂ 4 ਸਾਲ ਬਾਅਦ ਹੀ '1931 ਵਿਚ ਭਾਰਤ ਵਿਚ ਅਰਦੇਸ਼ਿਰ ਇਰਾਨੀ ਦੁਆਰਾ ਨਿਰਦੇਸ਼ਿਤ 'ਆਲਮਆਰਾ' ਨਾਂ ਦੀ ਪਹਿਲੀ ਬੋਲਦੀ ਫ਼ਿਲਮ ਬਣਨ ਨਾਲ ਭਾਰਤ ਵਿਚ ਵੀ 'ਟਾਕੀ' ਭਾਵ 'ਬੋਲਦੀਆਂ ਫ਼ਿਲਮਾਂ' ਦਾ ਵਿਧੀਵਤ ਰੂਪ ਵਿਚ ਆਰੰਭ ਹੋ ਜਾਂਦਾ ਹੈ।'[12] ਅੱਗੋਂ ਵੱਖ-ਵੱਖ ਪੜਾਵਾਂ ਵਿਚੋਂ ਲੰਘਦਾ ਹੋਇਆ ਭਾਰਤੀ ਸਿਨੇਮਾ ਵੀ ਵਿਸ਼ਵ ਸਿਨੇਮਾ ਦੇ ਨਾਲ ਹੀ ਵਿਕਾਸ ਕਰਦਾ ਹੋਇਆ ਜਵਾਨ ਹੋਇਆ ਹੈ ਅਤੇ ਹੌਲ਼ੀ-ਹੌਲ਼ੀ ਵਿਕਾਸ ਕਰਦਾ ਹੋਇਆ ਅਜੋਕੇ ਦੌਰ ਤਕ ਪਹੁੰਚਿਆ ਹੈ ਜਿੱਥੇ ਜਾ ਕੇ ਇਸ ਨੇ ਨਾ ਕੇਵਲ ਭਾਰਤ ਬਲਕਿ ਪੂਰੇ ਵਿਸ਼ਵ ਤੱਕ ਆਪਣੀ ਪਹੁੰਚ ਬਣਾ ਲਈ ਹੈ।

ਇਸ ਤਰ੍ਹਾਂ ਸਿਨੇਮਾ ਦੇ ਵਿਹਾਰਕ ਪਾਸਾਰਾਂ ਨੂੰ ਸਮਝਣ ਹਿਤ ਇਸ ਦੀ ਵਿਕਾਸ-ਪ੍ਰਕਿਰਿਆ ਨੂੰ ਵਾਚਣ ਤੋਂ ਬਾਅਦ ਹੁਣ ਇਸ ਦੀ ਨਿਰਮਾਣ-ਪ੍ਰਕਿਰਿਆ ਨੂੰ ਵਿਧੀਵਤ ਰੂਪ ਵਿਚ ਸਮਝਣਾ ਬਣਦਾ ਹੈ। ਇਸ ਪੱਖੋਂ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਵਿਹਾਰਕ ਪੱਧਰ ਤੇ ਸਿਨੇਮਾ ਦੇ ਨਿਰਮਾਣ ਪਿੱਛੇ ਕਿਸੇ ਇਕ ਵਿਅਕਤੀ ਦਾ ਹੱਥ ਨਹੀਂ ਹੁੰਦਾ ਬਲਕਿ ਇਕ ਪੂਰੀ ਦੀ ਪੂਰੀ ਟੀਮ ਮਿਲ ਕੇ ਕੰਮ ਕਰਦੀ ਹੈ। ਲਿਹਾਜ਼ਾ ਆਪਣੀ ਨਿਰਮਾਣ-ਪ੍ਰਕਿਰਿਆ ਦੌਰਾਨ ਸਿਨੇਮਾ ਨੂੰ ਕਈ ਪੜਾਵਾਂ ਅਤੇ ਪ੍ਰਕਿਰਿਆਵਾਂ ਵਿਚੋਂ ਲੰਘਣਾ ਪੈਂਦਾ ਹੈ। ਇਸ ਪਰਥਾਇ ਸਿਨੇਮਾ ਦੀ ਨਿਰਮਾਣ-ਪ੍ਰਕਿਰਿਆ ਨੂੰ ਨਿਮਨ ਅਨੁਸਾਰ ਵਾਚਿਆ ਜਾਣਾ ਯੋਗ ਹੋਵੇਗਾ।

**(ੳ) ਲੇਖਕ, ਨਿਰਦੇਸ਼ਕ ਤੇ ਨਿਰਮਾਤਾ** - ਸਿਨੇਮਾ ਦੇ ਨਿਰਮਾਣ ਕਾਰਜ ਲਈ ਇਹ ਤਿੰਨੇ ਥੰਮ ਮੰਨੇ ਜਾਂਦੇ ਹਨ ਜਿਨ੍ਹਾਂ ਤੋਂ ਸਿਨੇਮਾ-ਨਿਰਮਾਣ ਦੇ ਸੰਕਲਪ ਦੀ ਸ਼ੁਰੂਆਤ ਹੁੰਦੀ ਹੈ। ਲੇਖਕ (Author) ਫ਼ਿਲਮ ਦੀ ਕਥਾ (Story), ਪਟਕਥਾ (Script) ਤੇ ਸੰਵਾਦ (Dialogue) ਲਿਖਦਾ ਹੈ ਜਿਸ ਵਿਚ ਉਹ ਪਹਿਲਾਂ ਕਿਸੇ ਇਕ ਵਿਸ਼ੇ ਦੇ ਇਰਦ ਗਿਰਦ ਕੋਈ ਕਹਾਣੀ ਕਲਪਦਾ ਹੈ ਜੋ ਕਿਸੇ ਸੱਚੀ ਘਟਨਾ ਵਰਗੀ ਜਾਂ ਕਾਲਪਨਿਕ ਹੋ ਸਕਦੀ ਹੈ,

ਫਿਰ ਉਹ ਇਸ ਤੋਂ 'ਵਨ ਲਾਇਨ ਸਟੋਰੀ' ਬਣਾਉਂਦਾ ਹੈ ਤੇ ਫਿਰ ਪੂਰੀ ਕਹਾਣੀ ਨੂੰ ਲਿਖਤੀ ਰੂਪ ਦਿੰਦਾ ਹੈ। ਫ਼ਿਰ ਇਸ ਤੋਂ ਬਾਅਦ ਉਹ ਆਪ ਜਾਂ ਕੋਈ ਹੋਰ ਲੇਖਕ ਕ੍ਰਮਵਾਰ ਉਸ ਕਹਾਣੀ ਦਾ 'ਸਕਰੀਨਪਲੇ' ਤਿਆਰ ਕਰਦਾ ਹੈ ਅਤੇ 'ਸੰਵਾਦ' ਲਿਖਦਾ ਹੈ। ਇਸ ਸਾਰੀ ਪ੍ਰਕਿਰਿਆ ਦੇ ਕਈ ਪੜਾਅ, ਨਿਯਮ ਤੇ ਤਕਨੀਕਾਂ ਹਨ ਜੋ ਕਥਾ-ਸੰਰਚਨਾ (Story Structure) ਅਧੀਨ ਰੱਖ ਕੇ ਵਿਚਾਰੇ ਜਾ ਸਕਦੇ ਹਨ। ਅੱਗੋਂ ਲੇਖਕ ਦੀ ਕਲਮ ਨਾਲ ਲਿਖੀ ਕਹਾਣੀ, ਸਕਰੀਨ ਪਲੇ ਤੇ ਸੰਵਾਦ ਨੂੰ ਨਿਰਦੇਸ਼ਕ (Director) ਆਪਣੇ ਨਜ਼ਰੀਏ ਤੋਂ ਕੈਮਰੇ ਦੀ ਅੱਖ ਦੇ ਜ਼ਰੀਏ ਸਾਕਾਰ ਰੂਪ ਪ੍ਰਦਾਨ ਕਰਦਾ ਹੈ। ਨਿਰਦੇਸ਼ਕ ਕਈ ਵਾਰ ਖ਼ੁਦ ਵੀ ਫ਼ਿਲਮ ਦਾ ਕਹਾਣੀ ਲੇਖਕ, ਸਕਰੀਨ ਪਲੇਅ ਲੇਖਕ, ਸੰਵਾਦ ਲੇਖਕ ਹੋ ਸਕਦਾ ਹੈ। ਇਉਂ ਨਿਰਦੇਸ਼ਕ ਨੂੰ ਵੀ 'ਸਿਨੇਮਾ ਦੇ ਲੇਖਕ ਸਿਧਾਂਤ' ਵਿੱਚ ਰੱਖ ਕੇ ਹੀ ਵਿਚਾਰਿਆ ਜਾਂਦਾ ਹੈ। ਇਸੇ ਕੜੀ ਵਿਚ ਨਿਰਮਾਤਾ (Producer) ਉਹ ਸ਼ਖ਼ਸ ਜਾਂ ਇਕ ਪੂਰੀ ਦੀ ਪੂਰੀ ਸੰਸਥਾ ਹੁੰਦਾ ਹੈ ਜੋ ਸਿਨੇਮਾ ਦੇ ਨਿਰਮਾਣ ਤੇ ਆਉਣ ਵਾਲੇ ਸਾਰੇ ਖ਼ਰਚੇ ਕਰਦਾ ਹੈ ਜਾਂ ਕਹਿ ਲਓ ਕਿ ਫ਼ਿਲਮ ਪ੍ਰੋਡਕਸ਼ਨ ਲਈ ਹੋਏ ਖ਼ਰਚ ਸਮੇਤ ਸਭ ਦੀ ਮਿਹਨਤ ਦਾ ਮਿਹਨਤਾਨਾ ਦਿੰਦਾ ਹੈ। ਇੰਜ ਇਹ ਹੀ ਫ਼ਿਲਮ ਨਿਰਮਾਣ ਕਾਰਜ ਦਾ ਆਰਥਿਕ ਥੰਮ ਬਣਦਾ ਹੈ। ਇਹ ਹੀ ਫ਼ਿਲਮ ਤੋਂ ਹੋਣ ਵਾਲੇ ਸਾਰੇ ਖਰਚੇ ਆਮਦਨੀ ਜਾਂ ਘਾਟੇ-ਵਾਧੇ ਦਾ ਜ਼ਿੰਮੇਵਾਰ ਬਣਦਾ ਹੈ। ਇਸ ਤਰ੍ਹਾਂ ਇਹ ਤਿੰਨੋ ਕ੍ਰਮਵਾਰ ਲੇਖਕ, ਨਿਰਦੇਸ਼ਕ, ਨਿਰਮਾਤਾ ਕਿਸੇ ਵੀ ਫ਼ਿਲਮ ਦੇ ਕਾਗਜ਼ ਦੇ ਪੰਨਿਆਂ ਤੋਂ ਲੈ ਕੇ ਸਕਰੀਨ ਤਕ ਪੁੱਜਣ ਹਿਤ ਅਹਿਮ ਜੁਜ਼ ਹਨ। ਕਈ ਹਾਲਤਾਂ ਵਿੱਚ ਇਨ੍ਹਾਂ ਤਿੰਨਾਂ ਜੁਜ਼ਾਂ ਵਿਚ ਇਕ ਤੋਂ ਵੱਧ ਬੰਦੇ ਵੀ ਹੋ ਸਕਦੇ ਹਨ ਜੋ ਅੱਗੇ ਆਪਣੀ ਪੂਰੀ ਟੀਮ ਖੜੀ ਕਰਦੇ ਹਨ। ਨਿਰਮਾਤਾ ਦੇ ਤੌਰ ਤੇ ਵੱਡੇ ਵੱਡੇ ਪ੍ਰੋਡਿਊਸਰਾਂ ਦੇ ਗਰੁੱਪ ਜਾਂ ਪ੍ਰੋਡਕਸ਼ਨ ਹਾਊਸ (Production House) ਵੀ ਕਾਰਜਸ਼ੀਲ ਹੁੰਦੇ ਹਨ ਜਿਨ੍ਹਾਂ ਦੀ ਪੂਰੀ ਦੀ ਪੂਰੀ ਟੀਮ ਮਿਲ ਕੇ ਕੰਮ ਕਰਦੀ ਹੈ।

**(ਅ) ਪਾਤਰ ਚੋਣ, ਰੂਪ ਸੱਜਾ ਤੇ ਫ਼ਿਲਮਾਂਕਣ** - ਸਿਨੇਮਾ ਦੀ ਭਾਸ਼ਾ ਵਿੱਚ ਇਹਨਾਂ ਨੂੰ ਕਾਸਟਿੰਗ (Casting), ਮੇਕਅਪ (Makeup) ਤੇ ਸ਼ੂਟਿੰਗ (Shooting) ਵੀ ਕਿਹਾ ਜਾਂਦਾ ਹੈ। ਕਾਸਟਿੰਗ ਵਿੱਚ ਪਟਕਥਾ (Script) ਦੀ ਮੰਗ ਮੁਤਾਬਕ ਪਾਤਰਾਂ ਦੀ ਚੋਣ ਕੀਤੀ ਜਾਂਦੀ ਹੈ ਕਿ ਕਿਹੜਾ ਕਿਰਦਾਰ (Role) ਕਿਸ ਅਭਿਨੇਤਾ (Actor) ਤੋਂ ਕਰਵਾਉਣਾ ਹੈ। ਇਕ ਚੰਗਾ ਮਾੜਾ ਅਭਿਨੇਤਾ ਪੂਰੀ ਦੀ ਪੂਰੀ ਫ਼ਿਲਮ ਨੂੰ ਪ੍ਰਭਾਵਿਤ ਕਰਦਾ ਹੈ। ਇੰਜ ਹੀ

ਮੇਕਅਪ (Makeup) ਉਹ ਹੁਨਰ ਹੈ ਜੋ ਪਾਤਰਾਂ ਨੂੰ ਉਹਨਾਂ ਦੇ ਕਿਰਦਾਰ ਮੁਤਾਬਕ ਅਸਲੀ ਹੁਲੀਆ ਪ੍ਰਦਾਨ ਕਰਦਾ ਹੈ। ਅਸਲ ਵਿਚ ਮੇਕਅਪ ਸਿਨੇਮਾ ਦੀ ਇਕ ਬਹੁਤ ਵੱਡੀ ਅਨੋਖੀ ਕਲਾ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਇਆ ਹੈ ਜੋ ਕਿ ਫ਼ਿਲਮ ਵਿੱਚ ਬੱਚੇ ਨੂੰ ਬੁੱਢਾ ਤੇ ਬੁੱਢੇ ਨੂੰ ਬੱਚਾ ਤੇ ਜਵਾਨ ਜਾਂ ਮਨੁੱਖ ਨੂੰ ਜਾਨਵਰ ਆਦਿ ਤਕ ਦਿਖਾਉਣ ਦੀ ਸਮਰੱਥਾ ਰੱਖਦਾ ਹੈ। ਕਿਸੇ ਫ਼ਿਲਮ ਸ਼ੂਟਿੰਗ (Shooting) ਦੌਰਾਨ ਉਸ ਪਟਕਥਾ ਦੇ ਮੁਤਾਬਕ ਫ਼ਿਲਮ ਦਾ ਫ਼ਿਲਮਾਂਕਣ (Shooting) ਕੀਤਾ ਜਾਂਦਾ ਹੈ ਭਾਵ ਕਿ ਫ਼ਿਲਮ ਦੇ ਕਾਲਪਨਿਕ ਪਾਤਰਾਂ ਨੂੰ ਕਲਾਕਾਰਾਂ ਰਾਹੀਂ ਕੈਮਰੇ ਦੀ ਅੱਖ ਨਾਲ ਸਾਕਾਰ ਕੀਤਾ ਜਾਂਦਾ ਹੈ ਜਾਂ ਰਿਕਾਰਡ ਕਰ ਲਿਆ ਜਾਂਦਾ ਹੈ, ਇਹ ਹੀ ਸਿਨੇਮਾ ਦੀ ਕਲਾ ਦਾ ਉਹ ਕਮਾਲ ਹੈ ਜੋ ਕੈਮਰੇ ਦੇ ਜ਼ਰੀਏ ਪਾਤਰਾਂ ਨੂੰ ਸਕਰੀਨ ਤੇ ਤੁਰਨ ਫਿਰਨ ਲਾ ਦਿੰਦਾ ਹੈ। ਇਹਨਾਂ ਤਿੰਨਾਂ ਕਾਸਟਿੰਗ, ਮੇਕਅਪ ਤੇ ਸ਼ੂਟਿੰਗ ਦੇ ਵੀ ਆਪਣੇ ਬਹੁਤ ਸਾਰੇ ਨਿਯਮ ਤੇ ਪੜਾਅ ਹਨ ਜਿਨ੍ਹਾਂ ਵਿੱਚੋਂ ਗੁਜ਼ਰਦੀ ਹੋਈ ਸਿਨੇਮਾ ਦੀ ਨਿਰਮਾਣ-ਪ੍ਰਕਿਰਿਆ ਪੂਰੀ ਹੁੰਦੀ ਹੈ।

**(ੲ) ਐਡਿਟਿੰਗ, ਡਬਿੰਗ, ਮਿਊਜਿਕ, ਮਿਕਸਿੰਗ** - ਇਹ ਚਾਰੇ ਸਿਨੇਮਾ ਦੀ ਕਲਾ ਦੇ ਉਹ ਪੜਾਅ ਹਨ ਜਿੱਥੇ ਕੋਈ ਵੀ ਫ਼ਿਲਮ ਸਾਕਾਰ ਰੂਪ ਗ੍ਰਹਿਣ ਕਰਦੀ ਹੈ ਜਾਂ ਇਉ ਕਹਿ ਲਉ ਕਿ ਪਹਿਲਾਂ ਕੀਤੇ ਸਾਰੇ ਕਾਰਜਾਂ ਨੂੰ ਅਮਲੀ ਜਾਮਾ ਇਥੇ ਆ ਕੇ ਹੀ ਪਹਿਨਾਇਆ ਜਾਂਦਾ ਹੈ। ਇਸ ਪ੍ਰਕਿਰਿਆ ਅਧੀਨ ਐਡਿਟਿੰਗ (Editing) ਵਿੱਚ ਕੈਮਰੇ ਦੁਆਰਾ ਫ਼ਿਲਮਾਏ ਦ੍ਰਿਸ਼ਾਂ ਨੂੰ ਇਕ ਲੜੀ ਵਿੱਚ ਇੰਝ ਪਰੋਇਆ ਜਾਂਦਾ ਹੈ ਜਿਸ ਨਾਲ ਸਾਰੀਆਂ ਤਸਵੀਰਾਂ ਇਕ ਕਹਾਣੀ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਇਸ ਵਿਚ ਲੋੜੀਦੀਆਂ ਤਸਵੀਰਾਂ ਜਾਂ ਫਿਲਮਾਂਕਣ ਰੱਖ ਲਿਆ ਜਾਂਦਾ ਹੈ ਤੇ ਫ਼ਾਲਤੂ ਦੇ ਨੂੰ ਕੱਢ ਦਿੱਤਾ ਜਾਂਦਾ ਹੈ। ਡਬਿੰਗ (Dubbing) ਦੀ ਕਲਾ ਸਿਨੇਮਾ ਦੇ ਵਿਕਾਸ ਕਰਨ ਤੋਂ ਕਾਫ਼ੀ ਪਿੱਛੋਂ ਆਈ ਜਿਸ ਵਿੱਚ ਪਾਤਰਾਂ ਦੁਆਰਾ ਸ਼ੂਟਿੰਗ ਵਿੱਚ ਬੋਲੇ ਸੰਵਾਦ (Dialogues) ਨੂੰ ਸ਼ੋਰ ਰਹਿਤ ਸਟੂਡਿਓ ਵਿੱਚ ਮੁੜ ਤੋਂ ਬੋਲ ਕੇ ਸਾਫ਼ ਸਾਫ਼ ਰਿਕਾਰਡ ਕਰਕੇ ਮੁੜ ਉਸ ਦੇ ਫ਼ਿਲਮਾਂਕਣ ਨਾਲ ਮੇਲ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਆਵਾਜ਼ ਜਾਂ ਟਾਕੀ ਸਿਨੇਮਾ ਦੀ ਸ਼ੁਰੂਆਤ ਸਮੇਂ ਇਹ ਸੰਵਾਦ ਫ਼ਿਲਮਾਂਕਣ ਦੇ ਦੌਰਾਨ ਹੀ ਰਿਕਾਰਡ ਕੀਤੇ ਹੋਏ ਚਲਾਏ ਜਾਂਦੇ ਸੀ ਜਿੰਨਾਂ ਵਿੱਚ ਫ਼ਿਲਮਾਂਕਣ ਸਮੇਂ ਮੌਜੂਦ ਆਲੇ ਦੁਆਲੇ ਦਾ ਸ਼ੋਰ ਸ਼ਰਾਬਾ ਵੀ ਰਿਕਾਰਡਿੰਗ ਵਿਚ ਆ ਜਾਂਦਾ ਸੀ। ਡਬਿੰਗ ਦੀ ਕਲਾ ਦੇ ਆ ਜਾਣ ਨਾਲ ਦੂਜੀਆਂ ਭਾਸ਼ਾਵਾਂ ਦੀਆਂ ਫ਼ਿਲਮਾਂ ਵੀ

ਆਪਣੀ ਭਾਸ਼ਾ ਵਿੱਚ ਡੱਬ ਕਰਕੇ ਜਾਂ ਸੰਵਾਦ ਰਿਕਾਰਡ ਕਰਕੇ ਚਲਾਉਣ ਦਾ ਹੁਨਰ ਵੀ ਆ ਗਿਆ। ਇੰਜ ਹੀ ਮਿਉਜ਼ਿਕ (Music) ਸਿਨੇਮਾਈ ਕਲਾ ਉਹ ਹੁਨਰ ਹੈ ਜੋ ਸਿਨੇਮਾ ਜਾਂ ਫ਼ਿਲਮ ਨੂੰ ਪਿਠਵਰਤੀ ਸੰਗੀਤ (Background Music) ਜਾਂ ਗੀਤ (Song) ਜਾਂ ਪਿਠਵਰਤੀ ਗਾਇਕ (Play Back Singer) ਦੀ ਤਿਕੜੀ ਉਪਲੱਬਧ ਕਰਵਾਉਂਦਾ ਹੈ। ਇਥੇ ਆ ਕੇ ਨਿਰਦੇਸ਼ਕ ਦੁਆਰਾ ਪੂਰੀ ਦੀ ਪੂਰੀ ਫ਼ਿਲਮ ਪਿਠਵਰਤੀ ਸੰਗੀਤ ਨਾਲ ਮੇਲ ਕੇ ਉਸ ਵਿੱਚ ਲੈਅ, ਅਰਥਾਂ ਤੇ ਸੁਹਜ ਨੂੰ ਦੁੱਗਣਾ ਤਿਗਣਾ ਕਰ ਦਿੱਤਾ ਜਾਂਦਾ ਹੈ। ਭਾਰਤੀ ਸਿਨੇਮਾ ਵਿੱਚ ਤਾਂ ਫ਼ਿਲਮ ਦੌਰਾਨ ਗੀਤ ਪੇਸ਼ ਕਰਨ ਦਾ ਰੁਝਾਨ ਹੈ ਜਿਸ ਨੂੰ ਇਹ ਪਿਠਵਰਤੀ ਸੰਗੀਤ (Background Music) ਹੀ ਸੰਭਵ ਬਣਾਉਂਦਾ ਹੈ। ਸਿਨੇਮਾ ਦੀ ਨਿਰਮਾਣ-ਪ੍ਰਕਿਰਿਆ ਵਿਚ ਮਿਕਸਿੰਗ (Mixing) ਦੀ ਕਲਾ ਉਹ ਆਖ਼ਰੀ ਪੜਾਅ ਹੈ ਜਿੱਥੇ ਆ ਕੇ ਸਿਨੇਮਾ ਦੀਆਂ ਸਾਰੀਆਂ ਕਲਾਵਾਂ ਨੂੰ ਆਪਸ ਵਿੱਚ ਜੋੜ ਕੇ 'ਫਾਈਨਲ ਰੂਪ' ਦਿੱਤਾ ਜਾਂਦਾ ਹੈ ਭਾਵ ਫ਼ਿਲਮਾਂਕਣ, ਡਬਿੰਗ, ਮਿਉਜ਼ਿਕ ਆਦਿ ਸਾਰੇ ਪੜਾਵਾਂ ਨੂੰ ਆਪਸ ਵਿੱਚ ਇਸ ਕਦਰ ਜੋੜ ਜਾਂ ਮੇਲ ਦਿੱਤਾ ਜਾਂਦਾ ਹੈ ਜਿੱਥੇ ਉਹ ਇਕ ਹੀ ਲਗਦੇ ਹਨ ਅਤੇ ਫ਼ਿਲਮ ਫਾਈਨਲ ਸਰੂਪ ਗ੍ਰਹਿਣ ਕਰਕੇ ਸਾਡੇ ਸਾਹਮਣੇ ਆ ਜਾਂਦੀ ਹੈ। ਇਹ ਫ਼ਿਲਮ ਦੇ ਨਿਰਮਾਣ ਅਤੇ ਰੂਪ-ਨਿਖ਼ਾਰ ਦਾ ਆਖ਼ਰੀ ਪੜਾਅ ਹੈ।

**(ਸ) ਫ਼ਿਲਮ ਸਰਟੀਫ਼ਿਕੇਟ, ਪ੍ਰਮੋਸ਼ਨ ਤੇ ਰੀਲੀਜ਼** - ਇਹ ਉਹ ਪੜਾਅ ਹਨ ਜਿੱਥੇ ਤਿਆਰ ਹੋਈ ਫ਼ਿਲਮ ਨੂੰ ਦਰਸ਼ਕਾਂ ਤੱਕ ਸਿਨੇਮਾ ਘਰਾਂ ਵਿੱਚ ਲੈ ਕੇ ਜਾਣਾ ਹੁੰਦਾ ਹੈ। ਇਸ ਵਿੱਚ ਸਭ ਤੋਂ ਪਹਿਲਾਂ ਤਾਂ ਉਸ ਦੇਸ਼ ਦੇ ਸੈਂਸਰ ਬੋਰਡ ਤੋਂ ਪ੍ਰਵਾਨਗੀ ਲਈ ਸਰਟੀਫ਼ਿਕੇਟ ਪ੍ਰਾਪਤ ਕਰਨਾ ਹੁੰਦਾ ਹੈ ਜਿੱਥੇ ਇਹ ਦਿਖਾਉਣੀ ਹੈ। ਇਹ ਸਰਟੀਫ਼ਿਕੇਟ A, B, C ਆਦਿ ਪ੍ਰਕਾਰ ਦਾ ਹੁੰਦਾ ਹੈ ਜੋ ਫ਼ਿਲਮ ਦੀ ਸੰਭਾਵਿਤ ਦਰਸ਼ਕ-ਸ਼੍ਰੇਣੀ ਦੇਖ ਕੇ ਦਿੱਤਾ ਜਾਂਦਾ ਹੈ ਭਾਵ ਕਿ ਇਹ ਫ਼ਿਲਮ ਕਿਸ ਉਮਰ ਜਾਂ ਪੱਧਰ ਦੇ ਦਰਸ਼ਕਾਂ ਦੇ ਦੇਖਣਯੋਗ ਹੈ। ਪ੍ਰਮੋਸ਼ਨ ਦਾ ਭਾਵ ਫ਼ਿਲਮ ਬਾਰੇ ਦਰਸ਼ਕਾਂ ਤੱਕ ਸੂਚਨਾ ਪਹੁੰਚਾਉਣਾ ਹੁੰਦਾ ਹੈ। ਸਿਨੇਮਾ ਦੇ ਮੰਡੀ ਨਾਲ ਜੁੜੇ ਹੋਏ ਹੋਣ ਕਾਰਨ ਪ੍ਰੋਮੋਸ਼ਨ ਦਾ ਕੰਮ ਅੱਜ ਹੋਰ ਵੀ ਵੱਡੇ ਪੱਧਰ ਤੇ ਹੋਣ ਲੱਗ ਪਿਆ ਹੈ। ਜਿਸ ਲਈ ਬਾਕਾਇਦਾ ਸਿਨੇਮਾ ਦੇ ਖੇਤਰ ਵਿੱਚ ਕੰਪਨੀਆਂ ਬਣ ਗਈਆਂ ਹਨ ਜੋ ਫ਼ਿਲਮ ਦੀ ਪ੍ਰੋਮੋਸ਼ਨ ਦਾ ਸਾਰਾ ਦਾਰੋਮਦਾਰ ਆਪਣੇ ਸਿਰ ਲੈ ਲੈਂਦੀਆਂ ਹਨ। ਫ਼ਿਲਮ ਰੀਲੀਜ਼ ਤੋਂ ਭਾਵ ਹੈ ਕਿ ਫ਼ਿਲਮ ਦੇ ਦਰਸ਼ਕਾਂ ਤੱਕ ਪਹੁੰਚਣ ਦਾ ਦਿਨ ਸਥਾਨ ਤੇ ਸਮਾਂ ਪੱਕਾ ਕਰ ਦੇਣਾ ਹੁੰਦਾ

ਹੈ ਕਿ ਫ਼ਿਲਮ ਕਿਸ ਦੇਸ਼ ਦੇ ਕਿਸ ਸਿਨੇਮਾ ਘਰ ਵਿੱਚ ਕਦੋਂ ਦੇਖਣ ਨੂੰ ਮਿਲੇਗੀ। ਇਸ ਲਈ ਬਾਕਾਇਦਾ ਫ਼ਿਲਮ ਰੀਲੀਜ਼ ਦੇ ਬੈਨਰ ਬਣੇ ਹੋਏ ਹਨ ਜੋ ਫ਼ਿਲਮ ਨੂੰ ਰੀਲੀਜ਼ ਕਰਨ ਲਈ ਵੱਖ ਵੱਖ ਮੁਲਕਾਂ ਦੇ ਸਿਨੇਮਾ ਘਰਾਂ ਵਿੱਚ ਸਿਨੇਮਾ ਸਕਰੀਨ ਦਾ ਪ੍ਰਬੰਧ ਕਰਕੇ ਦਿੰਦੇ ਹਨ। ਇਸ ਤਰ੍ਹਾਂ ਫ਼ਿਲਮ ਦੇ ਸਰਟੀਫ਼ਿਕੇਟ ਤੋਂ ਲੈ ਕੇ ਪ੍ਰਮੋਸ਼ਨ, ਰੀਲੀਜ਼ ਆਦਿ ਉਹ ਅਹਿਮ ਪੜਾਅ ਹਨ ਜੋ ਇਸ ਦੇ ਵਪਾਰ ਅਤੇ ਸਫ਼ਲਤਾ-ਅਸਫ਼ਲਤਾ ਨੂੰ ਤੈਅ ਕਰਦੇ ਹਨ। ਇਹ ਸਾਰਾ ਤਾਣਾ-ਬਾਣਾ ਐਨੇ ਵੱਡੇ ਪੱਧਰ ਤੇ ਫੈਲਿਆ ਹੋਇਆ ਹੈ ਕਿ ਇਸ ਵਿੱਚ ਕੋਈ ਇਕ ਵਿਅਕਤੀ ਨਹੀਂ ਬਲਕਿ ਕਈ-ਕਈ ਕੰਪਨੀਆਂ ਜਾਂ ਪ੍ਰੋਡਕਸ਼ਨ ਹਾਊਸ ਮਿਲ ਕੇ ਕੰਮ ਕਰਦੇ ਹਨ ਤੇ ਇਸ ਜ਼ਰੀਏ ਕਰੋੜਾਂ ਰੁਪਏ ਦਾ ਵਪਾਰ ਹੁੰਦਾ ਹੈ।

ਇਸ ਤਰ੍ਹਾਂ ਇਹਨਾਂ ਸਭ ਪੜਾਵਾਂ ਤੇ ਨਿਰਮਾਣ ਕਾਰਜਾਂ ਵਿਚੋਂ ਲੰਘਦੀ ਹੋਈ ਫ਼ਿਲਮ ਦਰਸ਼ਕਾਂ ਤਕ ਪਹੁੰਚਦੀ ਹੈ। ਇਹਨਾਂ ਅਹਿਮ ਪੜਾਵਾਂ ਵਿਚ ਵੀ ਅੱਗੋਂ ਹੋਰ ਛੋਟੇ ਛੋਟੇ ਆਪੋ-ਆਪਣੇ ਪੜਾਅ ਜਾਂ ਤਕਨੀਕਾਂ ਵੀ ਹਨ ਜਿਨ੍ਹਾਂ ਦੇ ਆਪੋ ਆਪਣੇ ਮਾਹਰ ਤੇ ਵਿਸ਼ੇਸ਼ੱਗ ਹਨ ਜੋ ਫ਼ਿਲਮ ਦੇ ਨਿਰਮਾਣ ਦੇ ਕਾਰਜ ਨੂੰ ਪ੍ਰਭਾਵਿਤ ਕਰਦੇ ਹਨ। ਜਿਨ੍ਹਾਂ ਦਾ ਵੇਰਵਾ ਦੇਣ ਦੀ ਇਥੇ ਸੰਭਾਵਨਾ ਨਹੀਂ ਹੈ। ਇਸ ਲਈ 'ਫ਼ਿਲਮ ਦਾ ਵਿਹਾਰਕ ਪਾਸਾਰ' ਦੇ ਅੰਤਰਗਤ ਫ਼ਿਲਮ ਨਿਰਮਾਣ ਦੇ ਇਹਨਾਂ ਅਹਿਮ ਪੜਾਵਾਂ ਦੀ ਪਛਾਣ ਕਰਵਾਈ ਗਈ ਹੈ।

ਇਸ ਤਰ੍ਹਾਂ ਅਸੀਂ 'ਸਿਨੇਮਾ ਦੇ ਵਿਹਾਰਕ ਪਾਸਾਰ' ਦੇ ਅੰਤਰਗਤ ਸਿਨੇਮਾ ਵਿੱਚ ਫ਼ਿਲਮ ਨਿਰਮਾਣ ਦੇ ਅਹਿਮ ਪੜਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਪ੍ਰਸਤੁਤ ਖੋਜ ਪੱਤਰ ਵਿੱਚ ਸਿਨੇਮਾ ਤੇ ਇਸ ਦੇ ਵਿਹਾਰਕ ਪਾਸਾਰਾਂ ਨੂੰ ਸਮਝਣ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਸਿਨੇਮਾ ਦੀ ਕਲਾ ਮਨੁੱਖੀ ਸਭਿਅਤਾ ਦੀ ਉਹ ਪ੍ਰਾਪਤੀ ਹੈ ਜਿਸ ਨੇ ਸਮੁੱਚੀ ਦੁਨੀਆਂ ਨੂੰ ਇਕ ਪਿੰਡ ਦੇ ਰੂਪ ਵਿੱਚ ਬਦਲਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਸਿਨੇਮਾ ਨੇ ਆਪਣੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਨਾ ਸਿਰਫ਼ ਵਿਕਾਸ ਹੀ ਕੀਤਾ ਬਲਕਿ ਮਨੁੱਖੀ ਚੇਤਨਾ ਨੂੰ ਵੀ ਪ੍ਰਭਾਵਿਤ ਕੀਤਾ ਹੈ। ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਇਸ ਨੇ ਆਪਣਾ ਦਾਇਰਾ ਐਨਾ ਕੁ ਫੈਲਾ ਲਿਆ ਹੈ ਕਿ ਤਕਨੀਕ ਤੇ ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਪੈਦਾ ਹੋ ਰਹੇ ਹਰ ਕਲਾ ਰੂਪ ਨੂੰ ਇਹ ਝਟ-ਪਟ ਹੀ ਆਪਣੇ ਵਿੱਚ ਸਮਾ ਲੈਂਦਾ ਹੈ। ਇਸੇ ਲਈ 'ਸਿਨੇਮਾ ਨੂੰ ਇਕ ਸਮੱਗਰ ਕਲਾ' ਕਹਿਣਾ ਬਣਦਾ ਹੈ। ਇਸ ਦੇ ਵਿਕਾਸ ਦੀ ਗਤੀ ਇਸ ਦੇ ਰੌਸ਼ਨ ਭਵਿੱਖ ਦੀ ਜ਼ਾਮਨ ਬਣਦੀ ਹੈ।

## ਟਿੱਪਣੀਆਂ ਅਤੇ ਹਵਾਲੇ

1. ਸਤੀਸ਼ ਕੁਮਾਰ ਵਰਮਾ, ਸਿਨੇਮਾ: ਹਨੇਰੇ ਵਿਚੋਂ ਉੱਗਦਾ ਚਾਨਣ, ਅਪ੍ਰਕਾਸ਼ਿਤ।
2. Oxford Advanced Learner's Dictionary, Oxford University press. 2005
3. https://en.wikipedia.org/wiki/35_mm_movie_fil, 25/4/2018
4. https://en.wikipedia.org/wiki/The_Story_of_the_Kelly_Gang, 6/6/2018
5. https://en.wikipedia.org/wiki/The_Corbett-Fitzsimmons_Fight, 21/3/2017
6. Virginia Wright Wexman, A History of Film, University of Illinois at Chicago, South Asia, 2007, page 54
7. https://en.wikipedia.org/wiki/Serial_film,serial_Cuntil_the_series_is_completed.
8. Mark Nash, Screen theory and film culture (PDF), 1977-1987. PhD thesis, Middlesex University. 2003
9. www.wikipedia.org/wiki/Formalist_film_theory, 2017
10. प्रसून सिन्हा, भारतीय सिनेमा एक अनन्त यात्रा, श्री नटराज प्रकाशन, दिल्ली, 2006, पन्ना 29
11. दिलचस्प, हिंदी सिनेमा के 100 वर्ष, भारतीय पुस्तक परिषद, नई दिल्ली 2011, पन्ना 78
12. https://hi.wikipedia.org/wiki, 2018